# ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ), ਪੰਜਾਬ।

2025962 83
08/07/25

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।
ਫੋਨ ਨੰ:0172-5212322, ਈ-ਮੇਲ:smartschool@punjabeducation.gov.in

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ ਅਤੇ ਐ.ਸਿ) ।

ਪੰਜਾਬ।

ਮੀਮੋ ਨੰ: ਸਸਅ/ਸਮਾਰਟ ਸਕੂਲ//2025-26/623905/189112 ਮਿਤੀ 07.07.2025

ਵਿਸ਼ਾ:- **ਸਰਕਾਰੀ ਸਕੂਲਾਂ ਵਿੱਚ ਰੱਖੇ ਗਏ ਚੋਕੀਦਾਰਾਂਦੀ ਡਿਊਟੀ ਚਾਰਟ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਉਕਤ ਵਿਸ਼ੇ ਦੇ ਸਬੰਧ ਵਿੱਚ ਸਕੂਲ ਸਿੱਖਿਆ ਵਿਭਾਗ ਵਲੋਂ ਸਕੂਲਾਂ ਵਿਚ Infrastructure ਅਤੇ ਸਕੂਲ ਵਿੱਚ ਉਪਲੱਬਧ ਸਮਾਨ ਦੀ ਰਾਖੀ ਲਈ ਸਕੂਲ ਮੈਨਜ਼ਮੈਂਟ ਕਮੇਟੀਆਂ ਰਾਹੀ 2012 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਚੌਕੀਦਾਰਾਂ ਦਾ ਪਬੰਧ ਕਰਨ ਲਈ EDS-79 Financial Support for upkeep of Government Schools ਸ਼ਕੀਮ ਅਧੀਨ 5000/- ਰੁਪਏ ਪ੍ਰਤੀ ਸਕੂਲ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

2.0 ਇਸ ਸਕੀਮ ਅਧੀਨ ਸਕੂਲਾਂ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਰਾਹੀ ਰੱਖੇ ਗਏ ਚੌਕੀਦਾਰਾਂ ਦੀਆਂ ਡਿਊਟੀਆਂ ਸਬੰਧੀ ਦਿਸ਼ਾ-ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:

- ਚੌਕੀਦਾਰ ਸਕੂਲ ਦੇ ਹਰ ਕਮਰੇ ਦੀ ਜਾਂਚ ਕਰੇਗਾ ਕਿ ਸਾਰੇ ਖਿੜਕੀਆਂ-ਦਰਵਾਜੇ, ਲਾਈਟਾਂ ਅਤੇ ਪੱਖੇ ਬੰਦ ਹੋਣ। ਜੇਕਰ ਕੋਈ ਕਮਰਾ ਖੁੱਲ੍ਹਾ ਹੋਵੇ ਜਾਂ ਲਾਈਟਾਂ/ਪੱਖੇ ਚੱਲ ਰਹੇ ਹੋਣ ਤਾਂ ਉਨ੍ਹਾਂ ਨੂੰ ਬੰਦ ਕਰਨ ਦੀ ਜਿੰਮੇਵਾਰੀ ਚੌਕੀਦਾਰ ਦੀ ਹੋਵੇਗੀ।
- ਚੌਕੀਦਾਰ ਸਕੂਲ ਦੀ ਇਮਾਰਤ, ਕਮਰੇ, ਕੰਪਿਊਟਰ, ਲੈਬਜ਼,ਫਰਨੀਚਰ, ਲਾਇਬ੍ਰੇਰੀ ਅਤੇ ਹੋਰ ਕੀਮਤੀ ਸਮਾਨ ਆਦਿ ਦੀ ਸੁਰੱਖਿਆ ਕਰਨੀ ਯਕੀਨੀ ਬਣਾਏਗਾ।
- ਜੇਕਰ ਚੌਕੀਦਾਰ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਸਕੂਲ ਦੇ ਅੰਦਰ ਜਾਂ ਨੇੜੇ ਦੇਖੇ, ਤਾਂ ਉਹ ਤੁਰੰਤ ਕੈਂਪਸ ਮੈਨੇਜਰ ਜਾਂ ਸਕੂਲ ਮੁਖੀ ਨੂੰ ਜਾਣਕਾਰੀ ਦੇਵੇਗਾ ਅਤੇ ਜ਼ਰੂਰਤ ਪੈਣ ਤੇ ਉਹ ਥਾਣਾ ਮੁਖੀ (SHO) ਨੂੰ ਵੀ ਸੰਪਰਕ ਕਰ ਸਕਦਾ ਹੈ।
- ਚੌਕੀਦਾਰ ਦੀ ਡਿਊਟੀ ਦੇ ਘੰਟੇ ਸ਼ਾਮ ਤੋਂ ਸਵੇਰੇ ਤੱਕ ਹੋਣਗੇ। ਚੌਕੀਦਾਰ ਵਲੋਂ ਸਵੇਰੇ ਚਾਬੀਆਂ ਵਾਪਸ ਕੈਂਪਸ ਮੈਨੇਜਰ ਜਾਂ ਸੁਰੱਖਿਆ ਇੰਚਾਰਜ ਅਧਿਆਪਕ ਨੂੰ ਸੌਂਪੀਆਂ ਜਾਣਗੀਆਂ।
- ਚੌਕੀਦਾਰ ਸਕੂਲ ਟਾਇਮ ਤੋਂ ਬਾਅਦ ਵੀ ਅਣਪਛਾਤੇ ਵਿਅਕਤੀਆਂ ਨੂੰ ਬਿਨਾ ਆਗਿਆ ਸਕੂਲ ਪਰਿਸਰ ਵਿੱਚ ਦਾਖਲ ਨਹੀ ਹੋਣ ਦੇਵੇਗਾ।
- ਸਾਰੇ ਚੌਕੀਦਾਰਾਂ ਵੱਲੋਂ ਵਿਭਾਗ ਵੱਲੋਂ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

**4.0** ਉਕਤ ਹਦਾਇਤਾਂ ਦੀ ਇੰਨ-ਬਿਨ ਪਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ),**
**ਪੰਜਾਬ।**

**ਪਿੱਠ ਅੰਕਣ ਨੰ. ਸਸਅ/ਸਮਾਰਟ ਸਕੂਲ//2025-26/ ਉੱਕਤ** ਮਿਤੀ:

**ਉੱਕਤ ਦਾ ਉਤਾਰਾ ਸਮੂਹ ਸਕੂਲ ਪ੍ਰਿੰਸੀਪਲਜ਼ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

**ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ),**